## *ਜੇ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੁੰਦੇ ਹੋ ਤਾਂ ਤੁਹਾਡੇ ਹੱਕ*

ਇਹ ਕਿਤਾਬਚਾ ਵਿਕਟਮਜ਼ ਆਫ ਕਰਾਇਮ ਐਕਟ ਅਤੇ ਹੋਰ ਕਾਨੂੰਨਾਂ ਅਧੀਨ, ਕਿਸੇ ਜੁਰਮ ਦੇ ਸ਼ਿਕਾਰ ਹੋਏ ਵਿਅਕਤੀ ਵਜੋਂ ਤੁਹਾਡੇ ਹੱਕਾਂ ਬਾਰੇ ਦੱਸਦਾ ਹੈ। ਜੁਰਮਾਂ ਦੀਆਂ ਕਈ ਉਦਾਹਰਨਾਂ ਹਨ ਜਿਹੜੀਆਂ ਵਾਪਰ ਸਕਦੀਆਂ ਹਨ ਅਤੇ ਤੁਸੀਂ ਇਸ ਦੇ ਸ਼ਿਕਾਰ ਹੋ ਸਕਦੇ ਹੋ। ਉਦਾਹਰਣ ਵਜੋਂ, ਜੇ ਕੋਈ ਤੁਹਾਨੂੰ ਲੁੱਟਦਾ ਹੈ ਜਾਂ ਸਰੀਰਕ ਤੌਰ ਤੇ ਨੁਕਸਾਨ ਪਹੁੰਚਾਉਂਦਾ ਹੈ ਤਾਂ ਤੁਸੀਂ ਜੁਰਮ ਦਾ ਸ਼ਿਕਾਰ ਹੋ।

ਬ੍ਰਿਟਿਸ਼ ਕੋਲੰਬੀਆ ਦਾ ਵਿਕਟਮਜ਼ ਆਫ ਕਰਾਇਮ ਐਕਟ ਤੁਹਾਡੇ ਜਸਟਿਸ (ਨਿਆਂ) ਸਿਸਟਮ ਵਿਚ ਕੰਮ ਕਰਦੇ ਲੋਕਾਂ ਤੋਂ ਇਹ ਮੰਗ ਕਰਦਾ ਹੈ ਕਿ ਉਹ ਜੁਰਮਾਂ ਦਾ ਸ਼ਿਕਾਰ ਹੋਏ ਵਿਅਕਤੀਆਂ ਨਾਲ ਨਿਮਰਤਾ ਅਤੇ ਆਦਰ ਨਾਲ ਵਰਤਾਉ ਕਰਨ।

ਜੇ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ:

- ਜੁਰਮ ਦਾ ਸ਼ਿਕਾਰ ਹੋਏ ਲੋਕਾਂ ਲਈ ਸੇਵਾਵਾਂ
- ਕਰਿਮੀਨਲ ਇੰਜਰੀ ਕੰਪਨਸੇਸ਼ਨ ਐਕਟ ਅਧੀਨ ਆਪਣੀਆਂ ਸੱਟਾਂ ਲਈ ਮੁਆਵਜਾ ਲੈਣ ਦਾ ਤੁਹਾਡਾ ਹੱਕ
- ਫੌਜਦਾਰੀ ਨਿਆਂ (ਕਰਿਮੀਨਲ ਜਸਟਿਸ) ਸਿਸਟਮ ਕਿਵੇਂ ਕੰਮ ਕਰਦਾ ਹੈ
- ਪੁਲੀਸ ਦੀ ਪੜਤਾਲ ਅਤੇ ਅਦਾਲਤੀ ਕੇਸ
- ਦੋਸ਼ੀ ਦੀ ਸਜ਼ਾ
- ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ ਅਧੀਨ ਤੁਹਾਡਾ ਓਹਲਾ ਰੱਖਣ ਦਾ ਹੱਕ



# ਵਿਸ਼ੇ-ਸੂਚੀ

**ਜੇ ਮੈਂ ਕਿਸੇ ਜੁਰਮ ਦਾ ਸ਼ਿਕਾਰ ਹੋਵਾਂ ਤਾਂ ਮੈਨੂੰ ਕੀ ਜਾਨਣ ਦੀ ਲੋੜ ਹੈ? . . . . . . . .4**
- ਜਦੋਂ ਜੁਰਮ ਤੁਹਾਡੇ ਤੇ ਅਸਰ ਕਰਦਾ ਹੈ
- ਜੁਰਮ ਦੇ ਸ਼ਿਕਾਰ ਹੋਏ ਵਿਅਕਤੀਆਂ ਲਈ ਸੇਵਾਵਾਂ

**ਜੇ ਮੇਰੇ ਸੱਟਾਂ ਲੱਗ ਜਾਣ ਤਾਂ ਕੀ ਹੋਵੇਗਾ? . . . .7**

**ਕਰਿਮੀਨਲ ਜਸਟਿਸ ਸਿਸਟਮ ਕਿਵੇਂ ਕੰਮ ਕਰਦਾ ਹੈ? . . . . . . . . . . . . . .9**
- ਪੁਲੀਸ
- ਕਰਾਊਨ ਕੌਂਸਲ (ਸਰਕਾਰੀ ਵਕੀਲ)
- ਅਦਾਲਤਾਂ
- ਕੋਰੈੱਕਸ਼ਨਜ਼ (ਸਜ਼ਾਵਾਂ)

**ਮੇਰਾ ਓਹਲਾ ਕਿਵੇਂ ਰੱਖਿਆ ਜਾਵੇਗਾ? . . . .18**

**ਜੇ ਮੇਰੀ ਕੋਈ ਸ਼ਿਕਾਇਤ ਹੋਵੇ ਤਾਂ ਕੀ ਕੀਤਾ ਜਾਵੇਗਾ? . . . . . . . . . . .20**

**ਜੇ ਮੈਂ ਅੰਗਰੇਜ਼ੀ ਨਾ ਬੋਲਦਾ/ਬੋਲਦੀ ਹੋਵਾਂ ਤਾਂ ਕੌਣ ਮਦਦ ਕਰ ਸਕਦਾ ਹੈ? . . .21**
- ਦੋਭਾਸ਼ੀਆ ਲੱਭਣਾ

# ਜੇ ਮੈਂ ਕਿਸੇ ਜੁਰਮ ਦਾ ਸ਼ਿਕਾਰ ਹੋਵਾਂ ਤਾਂ ਮੈਨੂੰ ਕੀ ਜਾਨਣ ਦੀ ਲੋੜ ਹੈ?

## ਜਦੋਂ ਜੁਰਮ ਤੁਹਾਡੇ ਤੇ ਅਸਰ ਕਰਦਾ ਹੈ

ਜੁਰਮ (ਕਰਾਇਮ) ਇਕ ਗੈਰਕਾਨੂੰਨੀ ਕਾਰਵਾਈ ਹੈ। ਚੋਰੀ, ਸਰੀਰਕ ਹਮਲਾ ਅਤੇ ਭੰਨ ਤੋੜ ਜੁਰਮ ਦੀਆਂ ਕੁਝ ਉਦਾਹਰਨਾਂ ਹਨ। ਜਦੋਂ ਕੋਈ ਜੁਰਮ ਤੁਹਾਡੇ ਜਾਂ ਤੁਹਾਡੇ ਪਰਿਵਾਰ ਤੇ ਅਸਰ ਪਾਉਂਦਾ ਹੈ ਤਾਂ ਜੁਰਮ ਤੋਂ ਬਾਅਦ ਵਾਲੇ ਦਿਨਾਂ ਦੌਰਾਨ, ਤੁਹਾਨੂੰ ਜਾਣਕਾਰੀ ਅਤੇ ਮਦਦ ਲੈਣ ਦੀ ਲੋੜ ਪੈ ਸਕਦੀ ਹੈ।

ਵਿਕਟਮਜ਼ ਆਫ ਕਰਾਇਮ ਐਕਟ ਤੁਹਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਣਕਾਰੀ ਲੈਣ ਦਾ ਹੱਕ ਦਿੰਦਾ ਹੈ:

- ਜੁਰਮ ਦਾ ਸ਼ਿਕਾਰ ਹੋਏ ਲੋਕਾਂ ਲਈ ਸੇਵਾਵਾਂ
- ਫੌਜਦਾਰੀ ਨਿਆਂ ਸਿਸਟਮ ਕਿਵੇਂ ਕੰਮ ਕਰਦਾ ਹੈ
- ਪੁਲੀਸ ਪੜਤਾਲ
- ਦੋਸ਼ ਲੱਗੇ ਵਿਅਕਤੀ ਖਿਲਾਫ ਕੇਸ
- ਅਦਾਲਤੀ ਕੇਸ
- ਦੋਸ਼ੀ ਨੂੰ ਸਜਾ

ਦੂਜੇ ਕਨੂੰਨਾਂ ਅਧੀਨ ਤੁਹਾਨੂੰ ਓਹਲਾ ਰੱਖਣ, ਜਾਣਕਾਰੀ ਲੈਣ ਅਤੇ ਨੁਕਸਾਨ ਜਾਂ ਸੱਟਾਂ ਲਈ ਮੁਆਵਜ਼ਾ ਲੈਣ ਦਾ ਵੀ ਹੱਕ ਹੈ।



## ਜੁਰਮ ਦੇ ਸ਼ਿਕਾਰ ਹੋਏ ਵਿਅਕਤੀਆਂ ਲਈ ਸੇਵਾਵਾਂ

ਬੀ.ਸੀ. ਵਿਚ 100 ਤੋਂ ਵੀ ਜ਼ਿਆਦਾ ਕਮਿਊਨਟੀਆਂ ਵਿਚ ਵਿਕਟਮ ਸਰਵਿਸਿਜ਼ (ਸ਼ਿਕਾਰ ਵਿਅਕਤੀਆਂ ਲਈ ਸੇਵਾਵਾਂ) ਦੇ ਦਫਤਰ ਹਨ। ਇਹ ਦਫਤਰ ਤੁਹਾਨੂੰ ਕਈ ਕਿਸਮ ਦੀਆਂ ਸੇਵਾਵਾਂ ਮੁਫਤ ਦਿੰਦੇ ਹਨ, ਪਰ ਇਹ ਇਨ੍ਹਾਂ ਚੀਜ਼ਾਂ ਤੇ ਨਿਰਭਰ ਕਰਦਾ ਹੈ:

- ਤੁਸੀਂ ਕਿੱਥੇ ਰਹਿੰਦੇ ਹੋ?
- ਜੁਰਮ ਕਿਸ ਤਰ੍ਹਾਂ ਦਾ ਹੈ?
- ਤੁਹਾਡੇ ਤੇ ਉਸ ਜੁਰਮ ਦਾ ਕੀ ਅਸਰ ਹੈ?
- ਜਾਂਚ-ਪੜਤਾਲ ਜਾਂ ਅਦਾਲਤੀ ਕੇਸ ਕਿਸ ਪੜਾ ਤੇ ਹੈ?

ਇਨ੍ਹਾਂ ਪ੍ਰੋਗਰਾਮਾਂ ਵਿਚ, ਉਹ ਲੋਕ ਕੰਮ ਕਰਦੇ ਹਨ ਜਿਹੜੇ ਜੁਰਮ ਦਾ ਸ਼ਿਕਾਰ ਹੋਏ ਵਿਅਕਤੀਆਂ ਦੀ ਮਦਦ ਕਰਨ ਲਈ ਟਰੇਂਡ ਹੁੰਦੇ ਹਨ। ਉਹ ਅੱਗੇ ਲਿਖੀਆਂ ਸੇਵਾਵਾਂ ਦੇ ਸਕਦੇ ਹਨ:

- ਜੁਰਮ ਦੇ ਅਸਰਾਂ ਦਾ ਮੁਕਾਬਲਾ ਕਰਨ ਵਿਚ ਤੁਹਾਡੀ ਸਹਾਇਤਾ ਕਰਨਾ
- ਤੁਹਾਨੂੰ ਜਜ਼ਬਾਤੀ ਸਹਾਇਤਾ ਦੇਣਾ
- ਜੇ ਤੁਸੀਂ ਹੱਕਦਾਰ ਹੋਵੋ ਤਾਂ ਆਪਣੀਆਂ ਸੱਟਾਂ ਲਈ ਮੁਆਵਜਾਲੈਣ ਲਈ ਅਪਲਾਈ ਕਰਨ ਵਿਚ ਤੁਹਾਡੀ ਸਹਾਇਤਾ ਕਰਨਾ
- ਕੋਰਟ ਵਿਚ ਨਾਲ ਜਾਣਾ
- ਹੋਰ ਸਹਾਇਤਾ ਲਈ ਤੁਹਾਨੂੰ ਦੂਜੀਆਂ ਏਜੰਸੀਆਂ ਕੋਲ ਭੇਜਣਾ
- ਪੁਲੀਸ ਦੀ ਜਾਂਚ-ਪੜਤਾਲ ਅਤੇ ਅਦਾਲਤੀ ਕੇਸ ਬਾਰੇ ਤੁਹਾਨੂੰ ਜਾਣਕਾਰੀ ਦੇਣਾ
- ਤੁਹਾਨੂੰ ਇਹ ਦੱਸਣਾ ਕਿ ਅਦਾਲਤ ਵਿਚ ਕੀ ਹੁੰਦਾ ਹੈ ਅਤੇ ਤੁਹਾਨੂੰ ਅਦਾਲਤੀ ਮੁਕੱਦਮੇ ਲਈ ਤਿਆਰ ਕਰਨਾ

- ਜੁਰਮ ਦੇ ਤੁਹਾਡੇ ਤੇ ਪਏ ਅਸਰਾਂ ਬਾਰੇ ਤੁਹਾਡਾ ਬਿਆਨ (ਸਟੇਟਮੈਂਟ) ਤਿਆਰ ਕਰਨ ਵਿਚ ਤੁਹਾਡੀ ਸਹਾਇਤਾ ਕਰਨਾ
- ਕੇਸ ਸੁਣਵਾਈ ਵਾਲੇ ਦਿਨ ਤੁਹਾਡੇ ਨਾਲ ਅਦਾਲਤ ਵਿਚ ਜਾ ਸਕਦੇ ਹਨ

ਆਪਣੇ ਨੇੜੇ ਦੇ ਵਿਕਟਮ ਸਰਵਿਸਿਜ਼ ਆਫਿਸ ਦਾ ਪਤਾ ਲਾਉਣ ਲਈ ਫੋਨ ਕਰੋ:



**ਵਿਕਟਮ ਇਨਫਰਮੇਸ਼ਨ ਲਾਈਨ: ਮੁਫਤ ਫੋਨ ਕਰੋ**
**1-800-563-0808**



## ਜੇ ਮੇਰੇ ਸੱਟਾਂ ਲੱਗ ਜਾਣ ਤਾਂ ਕੀ ਹੋਵੇਗਾ?

ਜੇ ਤੁਸੀਂ ਕਿਸੇ ਜੁਰਮ ਕਾਰਨ ਜ਼ਖਮੀ ਹੋ ਜਾਂਦੇ ਹੋ ਜਾਂ ਜੇ ਤੁਸੀਂ ਕਿਸੇ ਉਸ ਵਿਅਕਤੀ ਦੇ ਪਰਿਵਾਰ ਦੇ ਮੈਂਬਰ ਹੋ ਜਿਸ ਦੀ ਕਿਸੇ ਜੁਰਮ ਕਾਰਨ ਮੌਤ ਹੋ ਜਾਂਦੀ ਹੈ ਤਾਂ ਹੋ ਸਕਦਾ ਤੁਸੀਂ ਕਰਿਮੀਨਲ ਇੰਜਰੀ ਕੰਪਨਸੇਸ਼ਨ ਐਕਟ ਅਧੀਨ ਮੁਆਵਜ਼ਾ ਲੈਣ ਦੇ ਹੱਕਦਾਰ ਹੋਵੋ।

ਤੁਹਾਨੂੰ ਇਸ ਤਰ੍ਹਾਂ ਦੇ ਖਰਚਿਆਂ ਨੂੰ ਪੂਰਾ ਕਰਨ ਲਈ ਭੱਤਿਆਂ (ਬੈਨੇਫਿਟਸ) ਲਈ ਅਪਲਾਈ ਕਰਨ ਦਾ ਹੱਕ ਹੈ:

- ਆਮਦਨ ਜਾਂ ਤਨਖਾਹਾਂ ਦਾ ਨੁਕਸਾਨ
- ਵਕੀਲਾਂ ਦੇ ਖਰਚੇ
- ਉਹ ਡਾਕਟਰੀ ਖਰਚੇ ਜਿਹੜੇ ਤੁਹਾਡੀ ਮੈਡੀਕਲ ਪਲੈਨ ਅਧੀਨ ਨਹੀਂ ਆਉਂਦੇ

***ਨੋਟ:*** *ਜੇ ਤੁਹਾਡੀ ਕਾਰ ਦਾ ਐਕਸੀਡੈਂਟ ਹੋਇਆ ਹੈ ਤਾਂ ਤੁਹਾਡੀਆਂ ਸੱਟਾਂ ਕਰਿਮੀਨਲ ਇੰਜਰੀ ਕੰਪਨਸੇਸ਼ਨ ਐਕਟ ਅਧੀਨ ਨਹੀਂ ਆਉਂਦੀਆਂ। ਕਾਰਾਂ ਦੇ ਐਕਸੀਡੈਂਟ ਇਨਸ਼ੋਰੈਂਸ ਕਾਰਪੋਰੇਸ਼ਨ ਆਫ ਬ੍ਰਿਟਿਸ਼ ਕੋਲੰਬੀਆ (ਆਈ ਸੀ ਬੀ ਸੀ) ਅਧੀਨ ਆਉਂਦੇ ਹਨ।*

ਕਿਸੇ ਜੁਰਮ ਬਾਰੇ ਪੁਲੀਸ ਨੂੰ ਦੱਸਣ ਤੋਂ ਬਾਅਦ ਤੁਸੀਂ ਇਕ ਸਾਲ ਦੇ ਵਿਚ ਵਿਚ ਮੁਆਵਜ਼ੇ ਲਈ ਅਪਲਾਈ ਕਰ ਸਕਦੇ ਹੋ। ਤੁਸੀਂ ਜਾਂ ਤੁਹਾਡੇ ਲਈ ਕੋਈ ਹੋਰ ਵਿਅਕਤੀ ਅਪਲਾਈ ਕਰ ਸਕਦਾ ਹੈ, ਅਤੇ ਜੇ ਕੋਈ ਵਿਅਕਤੀ ਜੁਰਮ ਕਰਨ ਦਾ ਦੋਸ਼ੀ ਸਿੱਧ ਨਾ ਹੋਵੇ ਤਾਂ ਵੀ ਤੁਸੀਂ ਅਪਲਾਈ ਕਰ ਸਕਦੇ ਹੋ।

ਵਿਕਟਮ ਸਰਵਿਸਿਜ਼ ਦੇ ਦਫਤਰ ਐਪਲੀਕੇਸ਼ਨ (ਅਰਜੀ) ਫਾਰਮ ਭਰਨ ਵਿਚ ਤੁਹਾਡੀ ਸਹਾਇਤਾ ਕਰ ਸਕਦੇ ਹਨ। ਕਰਿਮੀਨਲ ਇੰਜਰੀ ਕੰਪਨਸੇਸ਼ਨ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਤੁਸੀਂ ਫੋਨ ਕਰ ਸਕਦੇ ਹੋ:



**ਕਰਿਮੀਨਲ ਇੰਜਰੀਜ਼ ਪ੍ਰੋਗਰਾਮ:**
**ਮੁਫਤ ਫੋਨ ਕਰੋ**
**1-800-661-2112,**
**ਲੋਕਲ 6400**
**ੌਲਦਿ. ਨਿਏ**

---

**ਲੋਅਰ ਮੇਨਲੈਂਡ ਵਿਚ ਇਸ ਨੰਬਰ ਤੇ ਫੋਨ ਕਰੋ:**
**(604) 244-6400**

# ਕਰਿਮੀਨਲ ਜਸਟਿਸ ਸਿਸਟਮ ਕਿਵੇਂ ਕੰਮ ਕਰਦਾ ਹੈ?

ਕਰਿਮੀਨਲ ਜਸਟਿਸ ਸਿਸਟਮ (ਫੌਜਦਾਰੀ ਨਿਆਂ ਸਿਸਟਮ) ਦੇ ਚਾਰ ਮੁੱਖ ਹਿੱਸੇ ਹਨ: ਪੁਲੀਸ, ਸਰਕਾਰੀ ਵਕੀਲ, ਅਦਾਲਤਾਂ, ਅਤੇ ਸਜ਼ਾ।

ਅਦਾਲਤੀ ਸਿਸਟਮ ਵਿਚ ਕੇਸ ਚੱਲਣ ਦੌਰਾਨ, ਤੁਹਾਨੂੰ ਇਨ੍ਹਾਂ ਚੀਜ਼ਾਂ ਬਾਰੇ ਜਾਨਣ ਦਾ ਹੱਕ ਹੈ:

- ਜਿਸ ਵਿਅਕਤੀ ਤੇ ਦੋਸ਼ ਲੱਗਿਆ ਹੈ, ਉਸ ਦਾ ਨਾਂ
- ਦੋਸ਼ ਲੱਗੇ ਵਿਅਕਤੀ ਦੇ ਖਿਲਾਫ ਚਾਰਜਿਜ਼ (ਇਲਜ਼ਾਮ)
- ਉਹ ਚਾਰਿਜਜ਼ ਜਿਨ੍ਹਾਂ ਲਈ ਅਪਰਾਧੀ ਨੂੰ ਦੋਸ਼ੀ ਠਹਿਰਾਇਆ ਗਿਆ ਹੈ
- ਚਾਰਜਿਜ਼ ਨਾਲ ਸਬੰਧਿਤ ਕੀਤੇ ਗਏ ਫੈਸਲੇ ਦੇ ਕਾਰਨ
- ਹਰ ਵਾਰੀ ਕੋਰਟ ਵਿਚ ਹਾਜ਼ਰ ਹੋਣ ਦੀ ਤਰੀਕ, ਥਾਂ, ਮੰਤਵ ਅਤੇ ਨਤੀਜਾ, ਜਿਨ੍ਹਾਂ ਦਾ ਦੋਸ਼ ਲੱਗੇ ਵਿਅਕਤੀ ਦੀ ਸਜ਼ਾ ਜਾਂ ਜ਼ਮਾਨਤ ਤੇ ਅਸਰ ਪੈਣ ਦੀ ਸੰਭਾਵਨਾ ਹੈ

***ਨੋਟ:*** *ਜੇ ਕਿਸੇ ਅਜਿਹੇ ਵਿਅਕਤੀ ਤੇ ਦੋਸ਼ ਲੱਗਿਆ ਹੈ, ਜਿਸ ਦੀ ਉਮਰ 18 ਸਾਲ ਤੋਂ ਘੱਟ ਹੈ ਤਾਂ ਉਸ ਬਾਰੇ ਜਾਣਕਾਰੀ ਯੰਗ ਅਫੈਂਡਰਜ਼ ਐਕਟ ਅਧੀਨ ਗੁਪਤ ਰੱਖੀ ਜਾ ਸਕਦੀ ਹੈ ਅਤੇ ਇਸ ਕਰਕੇ ਇਹ ਜਾਣਕਾਰੀ ਤੁਹਾਨੂੰ ਨਹੀਂ ਮਿਲੇਗੀ।*

## ਪੁਲੀਸ

ਪੁਲੀਸ ਕਿਸੇ ਵੀ ਉਸ ਜੁਰਮ ਦੀ ਜਾਂਚ-ਪੜਤਾਲ ਕਰਨ ਲਈ ਜ਼ਿੰਮੇਵਾਰ ਹੈ ਜਿਸ ਦੀ ਉਨ੍ਹਾਂ ਨੂੰ ਰਿਪੋਰਟ ਕੀਤੀ ਗਈ ਹੈ। ਕਿਸੇ ਜੁਰਮ ਦਾ ਵੇਰਵਾ ਲੈਣ ਅਤੇ ਅਪਰਾਧੀ ਦੀ ਪਛਾਣ ਕਰਨ ਲਈ ਉਹ ਸਬੂਤ ਇਕੱਠੇ ਕਰਦੇ ਹਨ।

ਕੁਝ ਕੇਸਾਂ ਵਿਚ, ਜਾਂਚ-ਪੜਤਾਲ ਪੂਰੀ ਕਰਨ ਨੂੰ ਕਈ ਮਹੀਨੇ ਲੱਗ ਜਾਂਦੇ ਹਨ। ਕੁਝ ਕੇਸਾਂ ਵਿਚ ਦੋਸ਼ੀਆਂ ਦੀ ਪਛਾਣ ਨਹੀਂ ਹੁੰਦੀ ਅਤੇ ਉਸ ਜੁਰਮ ਲਈ ਕਿਸੇ ਨੂੰ ਵੀ ਚਾਰਜ ਨਹੀਂ ਕੀਤਾ ਜਾਵੇਗਾ।

ਜੇ ਪੁਲੀਸ ਸ਼ੱਕੀ ਵਿਅਕਤੀ ਦੀ ਪਛਾਣ ਕਰ ਲਵੇ ਅਤੇ ਜੁਰਮ ਬਾਰੇ ਕਾਫੀ ਸਾਰੇ ਸਬੂਤ ਇਕੱਠੇ ਕਰ ਲਵੇ ਤਾਂ ਉਹ ਕਰਾਊਨ ਕੌਂਸਲ (ਉਹ ਵਕੀਲ ਜਿਹੜਾ ਕੇਸ ਨੂੰ ਅਦਾਲਤ ਵਿਚ ਲਿਜਾਂਦਾ ਹੈ) ਨੂੰ ਕਰਿਮੀਨਲ (ਫੌਜਦਾਰੀ) ਚਾਰਜਿਜ਼ ਲਾਉਣ ਦੀ ਸਿਫਾਰਸ਼ ਕਰਦੇ ਹਨ।

ਵਿਕਟਮਜ਼ ਆਫ ਕਰਾਇਮ ਐਕਟ ਅਧੀਨ, ਤੁਹਾਨੂੰ ਪੁਲੀਸ ਦੀ ਜਾਂਚ-ਪੜਤਾਲ ਬਾਰੇ ਜਾਣਕਾਰੀ ਲੈਣ ਦਾ ਹੱਕ ਹੈ।

## ਕਰਾਊਨ ਕੌਂਸਲ (ਸਰਕਾਰੀ ਵਕੀਲ)

ਕਰਾਊਨ ਕੌਂਸਲ ਇਕ ਅਜਿਹਾ ਵਕੀਲ ਹੁੰਦਾ ਹੈ ਜੋ ਸਰਕਾਰ ਲਈ ਕੰਮ ਕਰਦਾ ਹੈ। ਉਸ ਨੂੰ ਪਰੌਸਿਕਿਊਟਰ ਕਿਹਾ ਜਾਂਦਾ ਹੈ। ਕਰਾਊਨ ਕੌਂਸਲ:

- ਪੁਲੀਸ ਦੀਆਂ ਸਿਫਾਰਸ਼ਾਂ ਨੂੰ ਘੋਖਦਾ ਹੈ
- ਇਹ ਫੈਸਲਾ ਕਰਦਾ ਹੈ ਕਿ ਦੋਸ਼ ਲੱਗੇ ਵਿਅਕਤੀ ਦੇ ਖਿਲਾਫ ਕਿਹੜੇ ਚਾਰਜਿਜ਼ ਲਾਉਣੇ ਹਨ
- ਸਰਕਾਰ ਦੀ ਤਰਫੋਂ ਕੇਸ ਨੂੰ ਅਦਾਲਤ ਵਿਚ ਲਿਜਾਂਦਾਹੈ
- ਸਾਰੀ ਅਦਾਲਤੀ ਕਾਰਵਾਈ ਵਿਚ ਸ਼ਾਮਲ ਹੁੰਦਾ ਹੈ
- ਜੱਜ ਨੂੰ ਅਜਿਹੀ ਜਾਣਕਾਰੀ ਦਿੰਦਾ ਹੈ ਜਿਹੜੀ ਸਜ਼ਾ ਜਾਂ ਹੋਰ ਮਾਮਲਿਆਂ ਬਾਰੇ ਜੱਜ ਦੇ ਫੈਸਲੇ ਤੇ ਅਸਰ ਪਾ ਸਕਦੀ ਹੈ

ਤੁਹਾਨੂੰ ਆਪਣੇ ਸ਼ਬਦਾਂ ਵਿਚ, ਜੁਰਮ ਦੇ ਉਨ੍ਹਾਂ ਅਸਰਾਂ ਬਾਰੇ ਅਦਾਲਤ ਨੂੰ ਦੱਸਣ ਦਾ ਹੱਕ ਹੈ ਜਿਹੜੇ ਤੁਹਾਡੇ ਤੇ ਪਏ ਹਨ।

ਕਰਾਊਨ ਕੌਂਸਲ ਤੁਹਾਨੂੰ ਇਕ ਵਿਕਟਮ ਇਮਪੈਕਟ ਸਟੇਟਮੈਂਟ ਫਾਰਮ ਵੀ ਦੇ ਸਕਦਾ ਹੈ। ਇਸ ਫਾਰਮ ਤੇ ਤੁਸੀਂ ਉਨ੍ਹਾਂ ਅਸਰਾਂ ਦਾ ਵੇਰਵਾ ਲਿਖ ਸਕਦੇ ਹੋ ਜਿਹੜੇ ਜੁਰਮ ਨੇ ਤੁਹਾਡੇ ਤੇ ਪਾਏ ਹਨ। ਇਸ ਫਾਰਮ ਨੂੰ ਭਰਨ ਵਿਚ ਮੱਦਦ ਤੁਸੀਂ ਕਰਾਊਨ ਕੌਂਸਲ ਦੇ ਦਫਤਰ ਜਾਂ ਵਿਕਟਮ ਸਰਵਿਸਿਜ਼ ਆਫਿਸ ਤੋਂ ਲੈ ਸਕਦੇ ਹੋ।

ਵਿਕਟਮਜ਼ ਆਫ ਕਰਾਇਮ ਐਕਟ ਅਧੀਨ, ਤੁਹਾਨੂੰ ਜੁਰਮ ਦੇ ਆਪਣੇ ਤੇ ਪਏ ਅਸਰਾਂ ਬਾਰੇ ਜਾਣਕਾਰੀ ਅਦਾਲਤ ਨੂੰ ਦੇਣ ਦਾ ਹੱਕ ਹੈ। ਤੁਸੀਂ ਅਦਾਲਤ ਨੂੰ ਇਹ ਜਾਣਕਾਰੀ ਜੱਜ ਦੇ ਸਜ਼ਾ ਬਾਰੇ ਫੈਸਲੇ ਤੋਂ ਪਹਿਲਾਂ ਦੇ ਸਕਦੇ ਹੋ ਜਾਂ ਵਿਕਟਮ ਸਟੇਟਮੈਂਟ ਫਾਰਮ ਭਰ ਕੇ ਦੇ ਸਕਦੇ ਹੋ।

## ਅਦਾਲਤਾਂ

ਸੂਬਾਈ ਅਦਾਲਤੀ ਸਿਸਟਮ ਦੇ ਤਿੰਨ ਪੱਧਰ ਹਨ: ਸੂਬਾਈ ਕੋਰਟ (ਪ੍ਰੋਵਿੰਸ਼ਲ ਕੋਰਟ), ਸੁਪਰੀਮ ਕੋਰਟ ਅਤੇ ਬੀ.ਸੀ. ਲਈ ਕੋਰਟ ਆਫ ਅਪੀਲ। ਬੁਹਤੇ ਫੌਜਦਾਰੀ ਕੇਸ ਸੂਬਾਈ ਕੋਰਟ ਦੀ ਕਰਿਮੀਨਲ ਡਿਵੀਜ਼ਨ ਵਿਚ ਸ਼ੁਰੂ ਹੁੰਦੇ ਹਨ।

ਕਤਲ ਦੇ ਅਤੇ ਕੁਝ ਹੋਰ ਗੰਭੀਰ ਅਪਰਾਧਾਂ ਦੇ ਕੇਸ ਸੁਪਰੀਮ ਕੋਰਟ ਵਿਚ ਸੁਣੇ ਜਾਂਦੇ ਹਨ। ਕੁਝ ਫੌਜਦਾਰੀ ਕੇਸ ਸੁਪਰੀਮ ਕੋਰਟ ਜਾਂ ਸੂਬਾਈ ਕੋਰਟ ਵਿਚ ਵੀ ਆ ਸਕਦੇ ਹਨ।

ਸੁਪਰੀਮ ਕੋਰਟ ਵਿਚ ਆਇਆ ਕੇਸ ਇਕ ਜੱਜ ਜਾਂ ਜੱਜ ਅਤੇ ਜਿਊਰੀ ਸੁਣ ਸਕਦੇ ਹਨ। ਸੁਪਰੀਮ ਕੋਰਟ ਵਿਚ ਕੇਸ ਜਾਣ ਤੋਂ ਪਹਿਲਾਂ, ਮੁਢਲੀ ਸੁਣਵਾਈ (ਪ੍ਰੀਲਿਮੀਨਰੀ ਹੀਅਰਿੰਗ) ਸੂਬਾਈ ਅਦਾਲਤ ਵਿਚ ਹੋ ਸਕਦੀ ਹੈ। ਜੇ ਅਜਿਹਾ ਹੁੰਦਾ ਹੈ ਤਾਂ ਜੁਰਮ ਦੇ ਸ਼ਿਕਾਰ ਵਿਅਕਤੀ ਵਜੋਂ ਤੁਹਾਨੂੰ ਅਦਾਲਤ ਵਿਚ ਦੋ ਵਾਰੀ ਹਾਜ਼ਰ ਹੋਣਾ ਪੈ ਸਕਦਾ ਹੈ; ਪਹਿਲਾਂ ਮੁਢਲੀ ਸੁਣਵਾਈ (ਪ੍ਰੀਲਿਮੀਨਰੀ ਹੀਅਰਿੰਗ) ਵੇਲੇ ਅਤੇ ਫਿਰ ਬਾਅਦ ਵਿਚ ਸੁਪਰੀਮ ਕੋਰਟ ਵਿਚ ਮੁਕੱਦਮੇ ਵੇਲੇ। ਪਰ ਜੇ ਮੁਕੱਦਮੇ ਦੀ ਕਾਰਵਾਈ ਸੂਬਾਈ ਅਦਾਲਤ ਵਿਚ ਚਲਦੀ ਹੈ ਤਾਂ ਤੁਹਾਨੂੰ ਅਦਾਲਤ ਵਿਚ ਇਕ ਵਾਰੀ ਹੀ ਹਾਜ਼ਰ ਹੋਣਾ ਪੈ ਸਕਦਾ ਹੈ।

ਮੁਕੱਦਮੇ ਤੋਂ ਪਹਿਲਾਂ, ਵਿਕਟਮ ਸਰਵਿਸਿਜ਼ ਦੇ ਦਫਤਰ ਤੋਂ ਕਿਸੇ ਜਾਣੇ ਨਾਲ ਅਦਾਲਤ ਦਾ ਚੱਕਰ ਲਾਉਣਾ ਇਕ ਚੰਗਾ ਖਿਆਲ ਹੈ। ਇਹ ਚੱਕਰ ਲਾਉਣ ਨਾਲ ਤੁਹਾਨੂੰ, ਮੁਕੱਦਮਾ ਸ਼ੁਰੂ ਹੋਣ ਵੇਲੇ ਅਦਾਲਤ ਦੀ ਕਾਰਵਾਈ ਬਾਰੇ ਜ਼ਿਆਦਾ ਸੌਖ ਮਹਿਸੂਸ ਕਰਨ ਵਿਚ ਮਦਦ ਮਿਲੇਗੀ।

ਜਸਟਿਸ (ਨਿਆਂ) ਸਿਸਟਮ ਦੇ ਸਟਾਫ ਨੂੰ ਮਿਲਣ ਲਈ ਜਾਂ ਅਦਾਲਤ ਵਿਚ ਜਾਣ ਲਈ ਜੇ ਤੁਹਾਨੂੰ ਕੰਮ ਛੱਡ ਕੇ ਜਾਣ ਦੀ ਲੋੜ ਹੈ ਤਾਂ ਤੁਹਾਨੂੰ ਤੁਹਾਡਾ ਮਾਲਕ (ਇੰਪਲੌਏਅਰ) ਕੋਈ ਸਜ਼ਾ ਨਹੀਂ ਦੇ ਸਕਦਾ ਜਾਂ ਤੁਹਾਨੂੰ ਕੰਮ ਤੋਂ ਹਟਾ ਨਹੀਂ ਸਕਦਾ। ਵਿਕਟਮਜ਼ ਆਫ ਕਰਾਇਮ ਐਕਟ ਅਧੀਨ, ਤੁਹਾਡਾ ਮਾਲਕ ਤੁਹਾਨੂੰ ਕਿਸੇ ਵੀ ਤਰੀਕੇ ਨਾਲ ਤੁਹਾਡੀ ਕੰਮ ਤੋਂ ਗੈਰਹਾਜ਼ਰੀ ਲਈ ਕੋਈ ਸਜ਼ਾ ਨਹੀਂ ਦੇ ਸਕਦਾ।

## ਨਿੱਜੀ ਜਾਣਕਾਰੀ ਜਾਰੀ ਕਰਨਾ

ਦੋਸ਼ ਲੱਗੇ ਵਿਅਕਤੀ ਦਾ ਵਕੀਲ (ਡਿਫੈਂਸ ਲੋਈਅਰ) ਤੁਹਾਡੇ ਡਾਕਟਰ ਜਾਂ ਕੌਂਸਲਰ ਬਾਰੇ ਉਹ ਜਾਣਕਾਰੀ ਮੰਗ ਸਕਦਾ ਹੈ ਜਿਹੜੀ ਪੁਲੀਸ ਅਤੇ ਸਰਕਾਰੀ ਵਕੀਲ ਕੋਲ ਪਹਿਲਾਂ ਨਹੀਂ ਹੈ। ਜੇ ਤੁਸੀਂ ਇਹ ਜਾਣਕਾਰੀ ਨਹੀਂ ਦੇਣੀ ਚਾਹੁੰਦੇ ਤਾਂ ਤੁਸੀਂ ਮਦਦ ਲਈ ਕਿਸੇ ਵਕੀਲ ਨਾਲ ਗੱਲ ਕਰ ਸਕਦੇ ਹੋ।

ਜੇ ਤੁਸੀਂ ਵਕੀਲ ਦਾ ਖਰਚਾ ਨਹੀਂ ਚੁੱਕ ਸਕਦੇ ਤਾਂ ਵਿਕਟਮਜ਼ ਆਫ ਕਰਾਇਮ ਐਕਟ ਅਧੀਨ ਤੁਹਾਨੂੰ ਇਹ ਹੱਕ ਹੈ ਕਿ ਤੁਸੀਂ ਨਿੱਜੀ ਜਾਣਕਾਰੀ ਜਾਰੀ ਕੀਤੇ ਜਾਣ ਨਾਲ ਸਬੰਧਿਤ ਕਿਸੇ ਵੀ ਮਾਮਲੇ ਵਿਚ ਸਹਾਇਤਾ ਲਈ ਵਕੀਲ ਦੀ ਮੰਗ ਕਰ ਸਕਦੇ ਹੋ।

## ਜੱਜ ਦਾ ਰੋਲ

ਜੱਜ, ਕਾਨੂੰਨ ਅਨੁਸਾਰ ਨਿਰਪੱਖ, ਅਤੇ ਠੀਕ ਫੈਸਲੇ ਕਰਨ ਲਈ ਜ਼ਿੰਮੇਵਾਰ ਹਨ।

ਜੇ ਕੋਈ ਕਥਿਤ ਦੋਸ਼ੀ ਆਪਣੇ ਆਪ ਨੂੰ ਦੋਸ਼ੀ ਮੰਨ ਲਵੇ ਜਾਂ ਉਹ ਦੋਸ਼ੀ ਸਾਬਤ ਹੋ ਜਾਵੇ ਤਾਂ ਉਸ ਨੂੰ ਦਿੱਤੀ ਜਾਣ ਵਾਲੀ ਸਜ਼ਾ ਦਾ ਫੈਸਲਾ ਕਰਨ ਵਿਚ ਸਹਾਇਤਾ ਲਈ ਜੱਜ ਸਰਕਾਰੀ ਵਕੀਲ ਅਤੇ ਸਫਾਈ (ਡਿਫੈਂਸ) ਦੇ ਵਕੀਲ ਤੋਂ ਜਾਣਕਾਰੀ ਲੈਂਦਾ ਹੈ।

ਜੱਜ ਵਲੋਂ ਦਿੱਤੀ ਜਾਣ ਵਾਲੀ ਸਜ਼ਾ ਇਸ ਪ੍ਰਕਾਰ ਹੋ ਸਕਦੀ ਹੈ:

- ਪ੍ਰੋਬੇਸ਼ਨ (ਕੁਝ ਖਾਸ ਸ਼ਰਤਾਂ ਅਧੀਨ ਦੋਸ਼ੀ ਦੀ ਰਿਹਾਈ)
- ਜੁਰਮਾਨੇ ਦੀ ਰਕਮ
- ਜੇਲ੍ਹ ਦੀ ਕੈਦ
- ਜਾਂ ਕਿਸੇ ਹੋਰ ਤਰ੍ਹਾਂ ਦੀ ਸਜ਼ਾ

## ਅਦਾਲਤੀ ਸੇਵਾਵਾਂ (ਕੋਰਟ ਸਰਵਿਸਿਜ਼)

ਜਿਹੜੇ ਲੋਕ ਅਦਾਲਤੀ ਸੇਵਾਵਾਂ ਲਈ ਕੰਮ ਕਰਦੇ ਹਨ (ਜਿਸ ਵਿਚ ਸ਼ੈਰਫ, ਕਲਰਕ, ਅਤੇ ਕੋਰਟ ਰਜਿਸਟਰੀ ਦੇ ਮੁਲਾਜ਼ਮ ਸ਼ਾਮਲ ਹਨ, ਪਰ ਜੱਜ ਅਤੇ ਜਿਊਰੀ ਦੇ ਮੈਂਬਰ ਨਹੀਂ), ਉਹ ਹਰ ਫੌਜਦਾਰੀ ਕੇਸ ਨਾਲ ਸਬੰਧਿਤ ਸਾਰੇ ਅਦਾਲਤੀ ਰਿਕਾਰਡਾਂ ਨੂੰ ਸਾਂਭਣ ਅਤੇ ਕੋਰਟਰੂਮਜ਼ ਨੂੰ ਚਲਾਉਣ ਲਈ ਜ਼ਿੰਮੇਵਾਰ ਹਨ।

ਅਦਾਲਤੀ ਸੇਵਾਵਾਂ ਦੇ ਮੁਲਾਜ਼ਮ ਜੱਜ ਦੇ ਆਰਡਰਾਂ (ਸਰਕਾਰੀ ਦਸਤਾਵੇਜ਼ਾਂ) ਨੂੰ ਤਿਆਰ ਕਰਦੇ ਹਨ, ਜਿਸ ਵਿਚ ਇਹ ਵੀ ਸ਼ਾਮਲ ਹਨ:

- ਦੋਸ਼ ਲੱਗੇ ਵਿਅਕਤੀ ਦੀ ਗ੍ਰਿਫਤਾਰੀ ਲਈ ਵਾਰੰਟ
- ਜ਼ਮਾਨਤ ਦੇ ਆਰਡਰ
- ਪ੍ਰੋਬੇਸ਼ਨ ਦੇ ਆਰਡਰ

ਅਦਾਲਤ ਦੇ ਅਸਲੀ ਪੇਪਰ ਉਸ ਕੋਰਟਹਾਊਸ ਦੀਆਂ ਫਾਈਲਾਂ ਵਿਚ ਰੱਖੇ ਜਾਂਦੇ ਹਨ ਜਿੱਥੇ ਦੋਸ਼ ਲੱਗੇ ਵਿਅਕਤੀ ਦਾ ਮੁਕੱਦਮਾ ਚੱਲਦਾ ਹੈ।

ਵਿਕਟਮਜ਼ ਆਫ ਕਰਾਇਮ ਐਕਟ ਅਧੀਨ, ਤੁਹਾਨੂੰ ਉਨ੍ਹਾਂ ਕੋਰਟ ਆਰਡਰਾਂ ਦੀਆਂ ਕਾਪੀਆਂ ਮੰਗਣ ਦਾ ਹੱਕ ਹੈ ਜਿਹੜੇ ਤੁਹਾਡੀ ਸੁਰੱਖਿਆ ਲਈ ਮਹੱਤਵਪੂਰਨ ਹਨ, ਜਿਵੇਂ ਕਿ ਜਿਹੜੇ ਆਰਡਰ ਇਹ ਕਹਿੰਦੇ ਹਨ ਕਿ ਦੋਸ਼ ਲੱਗਾ ਵਿਅਕਤੀ ਤੁਹਾਡੇ ਨਾਲ ਸੰਪਰਕ ਨਾ ਕਰੇ ਜਾਂ ਤੁਹਾਡੇ ਘਰ ਨਾ ਜਾਵੇ। ਤੁਸੀਂ ਇਨ੍ਹਾਂ ਆਰਡਰਾਂ ਦੀਆਂ ਕਾਪੀਆਂ ਬਿਨਾਂ ਕਿਸੇ ਖਰਚੇ ਤੋਂ ਲੈ ਸਕਦੇ ਹੋ।



## ਕੋਰੈੱਕਸ਼ਨਜ਼ (ਸਜ਼ਾਵਾਂ)

ਜਿਸ ਦੋਸ਼ੀ ਨੂੰ ਕੁਝ ਖਾਸ ਸ਼ਰਤਾਂ ਅਧੀਨ ਰਿਹਾਅ ਕੀਤਾ ਗਿਆ ਹੈ, ਉਸ ਨੂੰ ਪ੍ਰੋਬੇਸ਼ਨ ਅਫਸਰ ਕੋਲ ਰਿਪੋਰਟ ਜ਼ਰੂਰ ਕਰਨੀ ਪਵੇਗੀ। ਪ੍ਰੋਬੇਸ਼ਨ ਅਫਸਰ ਇਨ੍ਹਾਂ ਚੀਜ਼ਾਂ ਲਈ ਜ਼ਿੰਮੇਵਾਰ ਹਨ:

- ਦੋਸ਼ ਲੱਗੇ ਉਨ੍ਹਾਂ ਲੋਕਾਂ ਦੀ ਨਿਗਰਾਨੀ ਕਰਨਾ ਜਿਹੜੇ ਮੁਕੱਦਮੇ ਤੋਂ ਪਹਿਲਾਂ ਜ਼ਮਾਨਤ ਤੇ ਰਿਹਾ ਹੋਏ ਹਨ
- ਉਨ੍ਹਾਂ ਦੋਸ਼ੀਆਂ ਦੀ ਨਿਗਰਾਨੀ ਕਰਨਾ ਜਿਨ੍ਹਾਂ ਨੂੰ ਸਜ਼ਾ ਵਜੋਂ ਜਾਂ ਸਜ਼ਾ ਦੇ ਇਕ ਹਿੱਸੇ ਵਜੋਂ ਕੁਝ ਸ਼ਰਤਾਂ ਅਧੀਨ ਰਿਹਾ ਕੀਤਾ ਗਿਆ ਹੈ
- ਜ਼ਮਾਨਤ ਅਤੇ ਸਜ਼ਾ ਨਾਲ ਸਬੰਧਿਤ ਰਿਪੋਰਟਾਂ ਜੱਜ ਲਈ ਤਿਆਰ ਕਰਨਾ
- ਬੀ.ਸੀ. ਪੈਰੋਲ ਬੋਰਡ ਨੂੰ ਇਹ ਸਿਫਾਰਸ਼ ਕਰਨਾ ਕਿ ਕੀ ਕੋਈ ਦੋਸ਼ੀ ਪੈਰੋਲ ਤੇ ਰਿਹਾਅ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ (ਜਦੋਂ ਕਿਸੇ ਦੋਸ਼ੀ ਨੂੰ ਜੇਲ੍ਹ ਵਿਚੋਂ ਛੱਡ ਕੇ ਕਮਿਊਨਟੀ ਵਿਚ ਉਸ ਤੇ ਨਿਗਰਾਨੀ ਰੱਖੀ ਜਾਂਦੀ ਹੈ ਤਾਂ ਇਸ ਨੂੰ ਪੈਰੋਲ ਕਹਿੰਦੇ ਹਨ)।

ਪ੍ਰੋਬੇਸ਼ਨ ਅਫਸਰ ਜ਼ਮਾਨਤ ਜਾਂ ਸਜ਼ਾ ਨਾਲ ਸਬੰਧਿਤ ਮਾਮਲਿਆਂ ਬਾਰੇ ਤੁਹਾਡੇ ਨਾਲ ਸੰਪਰਕ ਕਰ ਸਕਦੇ ਹਨ ਅਤੇ ਤੁਸੀਂ ਉਨ੍ਹਾਂ ਨੂੰ ਜ਼ਮਾਨਤ, ਸਜ਼ਾ ਅਤੇ ਅਪਰਾਧੀ ਦੀ ਅਗੇਤੀ ਰਿਹਾਈ ਬਾਰੇ ਆਪਣੇ ਫਿਕਰ ਦੱਸ ਸਕਦੇ ਹੋ।

ਕੁੱਝ ਕੇਸਾਂ ਵਿਚ, ਖਾਸ ਕਰਕੇ ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੀ ਸੁਰੱਖਿਆ ਨੂੰ ਖਤਰਾ ਹੈ ਅਤੇ ਤੁਹਾਡੇ ਹੱਕ ਦੋਸ਼ੀ ਦੇ ਪ੍ਰਾਈਵੇਸੀ (ਓਹਲਾ ਰੱਖਣ) ਦੇ ਹੱਕਾਂ ਤੋਂ ਜ਼ਿਆਦਾ ਮਹੱਤਵਪੂਰਨ ਹਨ ਤਾਂ ਤੁਸੀਂ ਹੋਰ ਜਾਣਕਾਰੀ ਲੈਣ ਦੇ ਹੱਕਦਾਰ ਹੋ ਸਕਦੇ ਹੋ।

ਵਿਕਟਮਜ਼ ਆਫ ਕਰਾਇਮ ਐਕਟ ਅਧੀਨ ਤੁਹਾਨੂੰ ਜਾਣਕਾਰੀ ਮੰਗਣ ਦਾ ਹੱਕ ਹੈ, ਜਿਸ ਵਿਚ ਇਹ ਵੀ ਸ਼ਾਮਲ ਹਨ:

- ਸਜ਼ਾ ਕਿੰਨੀ ਲੰਬੀ ਹੈ ਅਤੇ ਇਹ ਕਦੋਂ ਸ਼ੁਰੂ ਹੋਣੀ ਹੈ
- ਜੇ ਦੋਸ਼ੀ ਜ਼ਮਾਨਤ ਜਾਂ ਪ੍ਰੋਬੇਸ਼ਨ ਦੇ ਆਰਡਰਾਂ ਦੀ ਪਾਲਣਾ ਨਹੀਂ ਕਰਦਾ ਤਾਂ ਇਸ ਦੀ ਰਿਪੋਰਟ ਕਿਸ ਤਰ੍ਹਾਂ ਕਰਨੀ ਹੈ
- ਉਨ੍ਹਾਂ ਏਜੰਸੀਆਂ ਨਾਲ ਸੰਪਰਕ ਕਿਵੇਂ ਕਰਨਾ ਹੈ ਜਿਹੜੀਆਂ ਦੋਸ਼ੀ ਦੀ ਪੈਰੋਲ ਦੀਆਂ ਸ਼ਰਤਾਂ ਬਦਲ ਸਕਦੀਆਂ ਹਨ ਜਾਂ ਦੋਸ਼ੀ ਦੀ ਜੇਲ੍ਹ ਤੋਂ ਰਿਹਾਈ ਦੀ ਮਨਜ਼ੂਰੀ ਦੇ ਸਕਦੀਆਂ ਹਨ
- ਦੋਸ਼ੀ ਦੇ ਜੇਲ੍ਹ ਵਿਚ ਰਹਿਣ ਦੇ ਸਮੇਂ ਤੇ ਨਜ਼ਰਸਾਨੀ ਕਰਨ ਦੀਆਂ ਤਰੀਕਾਂ
- ਦੋਸ਼ੀ ਦੇ ਜੇਲ੍ਹ ਵਿਚ ਰਹਿਣ ਦੇ ਸਮੇਂ ਤੇ ਨਜ਼ਰਸਾਨੀ ਦੀਆਂ ਕਾਰਵਾਈਆਂ ਵਿਚ ਹਿੱਸਾ ਕਿਵੇਂ ਲੈਣਾ ਹੈ

ਦੋਸ਼ੀ ਦੀ ਜ਼ਮਾਨਤ, ਸਜ਼ਾ ਜਾਂ ਅਗੇਤੀ ਰਿਹਾਈ ਬਾਰੇ ਜੇ ਤੁਹਾਡੇ ਮਨ ਵਿਚ ਕੋਈ ਫਿਕਰ ਹੈ ਤਾਂ ਤੁਸੀਂ ਪ੍ਰੋਬੇਸ਼ਨ ਅਫਸਰ ਨਾਲ ਸੰਪਰਕ ਕਰ ਸਕਦੇ ਹੋ।

ਜੇ ਜੱਜ ਦੋ ਸਾਲ ਤੋਂ ਘੱਟ ਦੀ ਜੇਲ੍ਹ ਕਰਦਾ ਹੈ ਤਾਂ ਦੋਸ਼ੀ ਨੂੰ ਕਿਸੇ ਸੂਬਾਈ ਜੇਲ੍ਹ ਵਿਚ ਭੇਜਿਆ ਜਾਂਦਾ ਹੈ ਜਿਸ ਦਾ ਪ੍ਰਬੰਧ ਅਟਾਰਨੀ ਜਨਰਲ ਦੀ ਮਨਿਸਟਰੀ ਦੀ ਕੋਰੈੱਕਸ਼ਨਜ਼ ਬਰਾਂਚ ਵਲੋਂ ਚਲਾਇਆ ਜਾਂਦਾ ਹੈ। ਜੇ ਸਜ਼ਾ ਦੋ ਜਾਂ ਜ਼ਿਆਦਾ ਸਾਲਾਂ ਦੀ ਹੈ ਤਾਂ ਅਪਰਾਧੀ ਨੂੰ ਫੈਡਰਲ ਜੇਲ੍ਹ ਵਿਚ ਭੇਜਿਆ ਜਾਂਦਾ ਹੈ, ਜਿਸ ਦਾ ਪ੍ਰਬੰਧ ਕੋਰੈੱਕਸ਼ਨਲ ਸਰਵਿਸਿਜ਼ ਆਫ ਕੈਨੇਡਾ ਵਲੋਂ ਚਲਾਇਆ ਜਾਂਦਾ ਹੈ।

ਵਕਟਮਜ਼ ਆਫ ਕਰਾਇਮ ਐਕਟ ਅਧੀਨ, ਤੁਹਾਨੂੰ ਇਸ ਤਰ੍ਹਾਂ ਦੀ ਜਾਣਕਾਰੀ ਮੰਗਣ ਦਾ ਹੱਕ ਹੈ:

- ਜੇਲ੍ਹ ਦੀ ਉਹ ਥਾਂ ਜਿੱਥੇ ਦੋਸ਼ੀ ਸਜ਼ਾ ਕੱਟ ਰਿਹਾ ਹੈ
- ਦੋਸ਼ੀ ਦੀ ਰਿਹਾਈ ਦੀਆਂ ਤਰੀਕਾਂ, ਰਿਹਾਈ ਦੀ ਲੰਬਾਈ ਅਤੇ ਨਿਗਰਾਨੀ ਦੀਆਂ ਸ਼ਰਤਾਂ
- ਜੇ ਦੋਸ਼ ਲੱਗਾ ਵਿਅਕਤੀ ਜਾਂ ਦੋਸ਼ੀ ਜੇਲ੍ਹ ਤੋਂ ਨਿਗਰਾਨੀ ਹੇਠ ਛੱਡਿਆ ਗਿਆ ਹੈ ਤਾਂ ਰਿਹਾਈ ਦੀਆਂ ਸ਼ਰਤਾਂ ਵਿਚ ਤਬਦੀਲੀਆਂ
- ਦੋਸ਼ੀ ਨਿਗਰਾਨੀ ਹੇਠ ਪ੍ਰੋਬੇਸ਼ਨ ਤੇ, ਪੈਰੋਲ ਤੇ ਜਾਂ ਜੇਲ੍ਹ ਵਿਚੋਂ ਆਰਜ਼ੀ ਤੌਰ ਤੇ ਗੈਰਹਾਜ਼ਰੀ ਦੌਰਾਨ ਬ੍ਰਿਟਿਸ਼ ਕੋਲੰਬੀਆ ਵਿਚ ਕਿੱਥੇ ਰਹੇਗਾ

## ਮੇਰਾ ਓਹਲਾ ਕਿਵੇਂ ਰੱਖਿਆ ਜਾਵੇਗਾ?

ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ ਦੇ ਕਾਨੂੰਨ ਅਧੀਨ ਤੁਹਾਡੇ ਬਾਰੇ ਓਹਲਾ ਰੱਖਿਆ ਜਾਵੇਗਾ। ਤੁਹਾਡੀ ਨਿੱਜੀ ਜਾਣਕਾਰੀ ਨੂੰ ਕੋਈ ਵੀ ਵਿਅਕਤੀ ਵਾਜਬ ਆਗਿਆ ਲਏ ਬਿਨਾਂ ਵਰਤ ਨਹੀਂ ਸਕਦਾ। ਇਸ ਨਿੱਜੀ ਜਾਣਕਾਰੀ ਵਿਚ ਇਹ ਸ਼ਾਮਲ ਹਨ:

- ਉਹ ਜਾਣਕਾਰੀ ਜਿਹੜੀ ਕਾਨੂੰਨ ਦੀ ਪਾਲਣਾ ਕਰਨ ਤੇ ਅਸਰ ਪਾ ਸਕਦੀ ਹੋਵੇ
- ਅਦਾਲਤੀ ਸਿਸਟਮ ਵਿਚ ਚਲਦੀਆਂ ਅਪੀਲਾਂ ਨਾਲ ਸਬੰਧਿਤ ਸਰਕਾਰੀ ਵਕੀਲ ਦੀਆਂ ਫਾਇਲਾਂ
- ਉਹ ਜਾਣਕਾਰੀ ਜਿਹੜੀ ਦੂਜੇ ਵਿਅਕਤੀ ਦਾ ਓਹਲਾ ਨਾ ਰਹਿਣ ਦਿੰਦੀ ਹੋਵੇ

***ਨੋਟ:*** *ਸਰਕਾਰੀ ਵਕੀਲ ਦਾ ਇਹ ਫਰਜ਼ ਹੈ ਕਿ ਉਹ ਸਫਾਈ ਦੇ ਵਕੀਲ ਨੂੰ ਉਹ ਜਾਣਕਾਰੀ ਦੇਵੇ ਜਿਹੜੀ ਕਿ ਕੋਰਟ ਕੇਸ ਲਈ ਜ਼ਰੂਰੀ ਹੈ।*

ਵਿਕਟਮਜ਼ ਆਫ ਕਰਾਇਮ ਐਕਟ ਦੇ ਅਧੀਨ ਤੁਹਾਨੂੰ ਆਪਣੀਆਂ ਉਨ੍ਹਾਂ ਸਾਰੀਆਂ ਫਾਇਲਾਂ ਨੂੰ ਦੇਖਣ ਲਈ ਪੁੱਛਣ ਦਾ ਹੱਕ ਹੈ ਜਿਹੜੀਆਂ ਜਸਟਿਸ ਸਿਸਟਮ ਕੋਲ ਹਨ। ਉਸ ਦਫਤਰ ਨਾਲ ਸੰਪਰਕ ਕਰੋ ਜਿਸ ਕੋਲ ਉਹ ਫਾਇਲ ਹੈ ਜਿਹੜੀ ਤੁਸੀਂ ਦੇਖਣੀ ਚਾਹੁੰਦੇ ਹੋ।

***ਨੋਟ:*** *ਆਰ ਸੀ ਐੱਮ ਪੀ (ਰੌਇਲ ਕੈਨੇਡੀਅਨ ਮਾਊਂਟਿਡ ਪੁਲੀਸ) ਦੀਆਂ ਫਾਇਲਾਂ ਫੈਡਰਲ ਐਕਸੈੱਸ ਟੂ ਇਨਫਰਮੇਸ਼ਨ ਐਕਟ ਐਂਡ ਪ੍ਰਾਈਵੇਸੀ ਐਕਟ ਅਧੀਨ ਆਉਂਦੀਆਂ ਹਨ।*

ਤੁਹਾਨੂੰ ਇਹ ਜਾਨਣ ਦਾ ਹੱਕ ਹੈ ਕਿ ਕੋਈ ਸਰਕਾਰੀ ਸੰਸਥਾ ਤੁਹਾਨੂੰ ਉਹ ਜਾਣਕਾਰੀ ਕਿਉਂ ਨਹੀਂ ਦੇ ਰਹੀ ਜਿਹੜੀ ਤੁਸੀਂ ਦੇਖਣੀ ਚਾਹੁੰਦੇ ਹੋ। ਜੇ ਤੁਹਾਨੂੰ ਇਹ ਦੱਸਿਆ ਗਿਆ ਹੈ ਕਿ ਤੁਸੀਂ ਉਹ ਜਾਣਕਾਰੀ ਨਹੀਂ ਦੇਖ ਸਕਦੇ ਜਿਸ ਦੀ ਤੁਸੀਂ ਮੰਗ ਕੀਤੀ ਹੈ ਤਾਂ ਤੁਸੀਂ ਉਸ ਫੈਸਲੇ ਤੇ ਮੁੜ ਵਿਚਾਰ ਕਰਨ ਲਈ ਕਹਿ ਸਕਦੇ ਹੋ। ਇਸ ਪਤੇ ਤੇ ਚਿੱਠੀ ਲਿਖੋ: ਫਰੋਵਨਿਚਿਅਿਲ ਿਨੋਰਮਅਟੋਨਿ ਅਨਦ ਫਰਵਿਅਚੇ ਛੋਮਮਸਿਸੋਨਿੲਰ,
4th Floor, 1675 Douglas Street, Victoria, B.C.
V8V 1X4.

ਫਰੀਡਮ ਆਫ ਇਨਫਰਮੇਸ਼ਨ ਐਂਡ ਪ੍ਰੋਟੈਕਸ਼ਨ ਆਫ ਪ੍ਰਾਈਵੇਸੀ ਐਕਟ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਫੋਨ ਕਰੋ:



**ਮਨਿਸਟਰੀ ਆਫ ਅਟਾਰਨੀ ਜਨਰਲ ਇਨਫਰਮੇਸ਼ਨ ਐਂਡ ਪ੍ਰਾਈਵੇਸੀ ਆਫਿਸ**
**ਫੋਨ: (250) 387-6898**
**ਫੈਕਸ: (250) 953-3559**

## ਜੇ ਮੇਰੀ ਕੋਈ ਸ਼ਿਕਾਇਤ ਹੋਵੇ ਤਾਂ ਕੀ ਕੀਤਾ ਜਾਵੇਗਾ?

ਜਸਟਿਸ ਸਿਸਟਮ ਦੇ ਸਟਾਫ ਨੂੰ ਵਿਕਟਮਜ਼ ਆਫ ਕਰਾਇਮ ਐਕਟ ਦੀ ਪਾਲਣਾ ਜ਼ਰੂਰ ਕਰਨੀ ਪਵੇਗੀ।

ਜੇ ਤੁਹਾਨੂੰ ਲੱਗੇ ਕਿ ਜਸਟਿਸ ਸਿਸਟਮ ਨੇ ਵਿਕਟਮਜ਼ ਆਫ ਕਰਾਇਮ ਐਕਟ ਦੀ ਪਾਲਣਾ ਨਹੀਂ ਕੀਤੀ ਤਾਂ ਤੁਹਾਨੂੰ ਓਮਬਡਜ਼ਮੈਨ (ਲੋਕਪਾਲ) ਕੋਲ ਸ਼ਿਕਾਇਤ ਕਰਨ ਦਾ ਹੱਕ ਹੈ, ਜੋ ਕਿ ਸ਼ਿਕਾਇਤਾਂ ਦੀ ਪੜਤਾਲ ਕਰਨ ਵਾਲਾ ਇਕ ਸਰਕਾਰੀ ਅਧਿਕਾਰੀ ਹੈ।

***ਨੋਟ:*** *ਪੁਲੀਸ ਦੀ ਜਾਂਚ-ਪੜਤਾਲ ਜਾਂ ਸਰਕਾਰੀ ਵਕੀਲ ਦੇ ਫੈਸਲੇ ਓਮਬਡਜ਼ਮੈਨ ਐਕਟ ਅਧੀਨ ਨਹੀਂ ਆਉਂਦੇ। ਓਨਦ ਭੋਣ*



**ਵਿਕਟੋਰੀਆ ਵਿਚ**
**ਓਮਬਡਜ਼ਮੈਨ ਦਾ ਦਫਤਰ**
**ਫੋਨ: (250) 387-5855**
**ਫੈਕਸ: (250) 387-0198**



## ਜੇ ਮੈਂ ਅੰਗਰੇਜ਼ੀ ਨਾ ਬੋਲਦਾ/ਬੋਲਦੀ ਹੋਵਾਂ ਤਾਂ ਕੌਣ ਮਦਦ ਕਰ ਸਕਦਾ ਹੈ?

ਤੁਹਾਡੀ ਟੈਲੀਫੋਨ ਨੰਬਰਾਂ ਦੀ ਕਿਤਾਬ ਦੇ ਪਹਿਲੇ ਸਫਿਆਂ ਤੇ "ਛੋਮਮੁਨਟਿ. ਏਰਵਚਿਏਸ" ਨਾਂ ਦਾ ਇਕ ਭਾਗ ਹੁੰਦਾ ਹੈ, ਜਿਸ ਵਿਚ ਅੱਗੇ ਦੱਸੀਆਂ ਸੰਸਥਾਵਾਂ ਵਿਚੋਂ ਕੁਝ ਦਰਜ ਹਨ। ਕੁਝ ਹੋਰ ਸੰਸਥਾਵਾਂ ਨੀਲੇ ਜਾਂ ਚਿੱਟੇ ਪੰਨਿਆਂ ਤੇ ਦਰਜ ਹਨ। ਕਿਸੇ ਸੰਸਥਾ ਦਾ ਨੰਬਰ ਲੱਭਣ ਵਿਚ ਜੇ ਤੁਹਾਨੂੰ ਮੁਸ਼ਕਲ ਆਵੇ ਤਾਂ ਮਦਦ ਲਈ ਆਪਣੇ ਕਮਿਊਨਟੀ ਵਰਕਰ ਨਾਲ ਗੱਲ ਕਰੋ ਜਾਂ ਆਪਣੀ ਨੇੜੇ ਦੀ ਲਾਇਬਰੇਰੀ ਵਿਚ ਜਾਉ। ਅੱਗੇ ਦਰਜ ਕਿਸੇ ਸੰਸਥਾ ਵਿਚ ਜੇ ਪੰਜਾਬੀ ਬੋਲਣ ਵਾਲੇ ਮੁਲਾਜ਼ਮ ਨਹੀਂ ਹਨ ਤਾਂ ਕਿਸੇ ਦੋਸਤ ਨੂੰ ਕਹੋ ਕਿ ਸੰਸਥਾ ਨੂੰ ਫੋਨ ਕਰਨ ਵਿਚ ਉਹ ਤੁਹਾਡੀ ਸਹਾਇਤਾ ਕਰੇ ਜਾਂ ਤੁਹਾਡੇ ਨਾਲ ਸੰਸਥਾ ਵਿਚ ਜਾਏ।

### ਦੋਭਾਸ਼ੀਆ ਲੱਭਣਾ

ਅੱਗੇ ਲਿਖੀਆਂ ਸੰਸਥਾਵਾਂ ਕੋਲ ਦੋਭਾਸ਼ੀਏ (ਇਨਟਰਪਰੇਟਰਜ਼) ਹਨ ਜੋ ਪੰਜਾਬੀ ਬੋਲਦੇ ਹਨ। ਆਪਣੇ ਨੇੜੇ ਦੇ ਦਫਤਰ ਨੂੰ ਫੋਨ ਕਰੋ।

**ਐਬਸਫੋਰਡ**

ਐਬਸਫੋਰਡ ਕਮਿਊਨਟੀ ਸਰਵਿਸਿਜ਼ (604) 859-7681

**ਬਰਨਬੀ**

ਬਰਨਬੀ ਮਲਟੀਕਲਚਰਲ ਸੁਸਾਇਟੀ (604) 431-4131

ਵੈਨਕੂਵਰ ਐਂਡ ਲੋਅਰ
ਮੇਨਲੈਂਡ ਮਲਟੀਕਲਚਰਲ
ਫੈਮਿਲੀ ਸਪੋਰਟ ਸਰਵਿਸਿਜ਼ (604) 436-1025

## ਚਿਲਾਵੈਕ

ਚਿਲਾਵੈਕ ਕਮਿਊਨਟੀ ਸਰਵਿਸਿਜ਼ (604) 792-7376

## ਕੈਮਲੂਪਸ

ਕੈਮਲੂਪਸ ਕੈਰੀਬੂ
ਇਮੀਂਗਰਾਂਟਸ ਸੁਸਾਇਟੀ (250) 372-0855

## ਕਲੋਨਾ

ਮਲਟੀਕਲਚਰਲ ਸੁਸਾਇਟੀ
ਆਫ ਕਲੋਨਾ (250) 762-2155

## ਨਾਨੈਮੋ

ਸੈਂਟਰਲ ਵੈਨਕੂਵਰ
ਆਈਲੈਂਡ ਮਲਟੀਕਲਚਰਲ
ਸੁਸਾਇਟੀ (250) 753-6911

## ਪ੍ਰਿੰਸ ਜੋਰਜ

ਇਮੀਂਗਰਾਂਟ ਐਂਡ ਮਲਟੀਕਲਚਰਲ
ਸਰਵਿਸਿਜ਼ ਸੁਸਾਇਟੀ (250) 562-2900

## ਰਿਚਮੰਡ

ਰਿਚਮੰਡ ਮਲਟੀਕਲਚਰਲ
ਕੌਨਸਰਨਜ਼ ਸੁਸਾਇਟੀ (604) 279-7160

## ਸਰੀ

ਸਰੀ–ਡੈਲਟਾ ਇਮੀਂਗਰਾਂਟ
ਸਰਵਿਸਿਜ਼ ਸੁਸਾਇਟੀ (604) 597-0205

• ਮਲਟੀਕਲਚਰਲ ਵਿਮਨ'ਜ਼
ਪ੍ਰੋਗਰਾਮ (604) 507-2260

## ਸਰੀ

ਇਮੀਂਗਰਾਂਟ
ਸਰਵਿਸਿਜ਼ ਸੁਸਾਇਟੀ (604) 684-7498

ਪ੍ਰੋਗਰੈੱਸਿਵ ਇਨਟਰਕਲਚਰਲ
ਕਮਿਊਨਟੀ ਸਰਵਿਸਿਜ਼ ਸੁਸਾਇਟੀ (604) 596-7722

ਵੈਨਕੂਵਰ ਮੋਜ਼ੈਕ (604) 254-9626

## ਵਿਕਟੋਰੀਆ

ਇੰਟਰ–ਕਲਚਰਲ ਐਸੋਸੀਏਸ਼ਨ
ਆਫ ਗਰੇਟਰ ਵਿਕਟੋਰੀਆ (250) 388-4728

ਵਿਕਟੋਰੀਆ ਇਮੀਂਗਰਾਂਟ ਐਂਡ
ਰਿਫਊਜੀ ਸੈਂਟਰ (250) 361-9433

**ਵਿਕਟਮ ਇਨਫਰਮੇਸ਼ਨ ਲਾਈਨ**

**ਮੁਫਤ ਫੋਨ ਕਰੋ: 1-800-563-0808**

**ਸਮਾਂ: ਸਵੇਰ ਦੇ 8:30 ਤੋਂ ਲੈ ਕੇ ਸ਼ਾਮ ਦੇ 7:30 ਤੱਕ**

**ਸੋਮਵਾਰ ਤੋਂ ਸ਼ੁਕਰਵਾਰ**

---

**ਇਸ ਕਿਤਾਬਚੇ ਦੀਆਂ ਹੋਰ ਕਾਪੀਆਂ ਇਸ ਪਤੇ ਤੇ ਚਿੱਠੀ ਲਿਖ ਕੇ ਜਾਂ ਫੈਕਸ ਕਰਕੇ ਲਈਆਂ ਜਾ ਸਕਦੀਆਂ ਹਨ:**


ੰਨਿਸਿਟਰੇੋਾ ਓਟਟੋਰਨਏ ਘਏਨਏਰਅਲ
ਛੋਮਮੁਨਚਿਅਟੌਨਿਸ ਅਨਦ ਓਦੁਚਅਟੌਨਿ ਧਵਿਸਿੌਨਿ
10th Floor, 1001 Douglas Street
Victoria, B.C. V8V 1X4
ਫੈਕਸ: (250) 387-1753


***ਕਿਰਪੱ ਕਰਕਯ ਨੋਤ ਕਰੋ:***

ੇਹਿ ਕਿਟੱਬਚੱ ਕਯਵਲ ੱਮ ਜੌਕੱਰੀ ਦਿੰਦੱ ਹਹਨ ਾਟਯ ੇਹਿ ੍ਰਂਨਹੈਂ ਕੱਨੂੰਨੱ ਜਿੰਨੱ ਸੰਪੂਰਨ ਨਹੀਣ ਹਹਨ, ਜਿਨਹੈਂ ਦੀ ੇਸਿ ਵਿਚ ਗਡਲ ਕੀਟੀ ਗੀ ਹਹਨ[ ੇਹਿ ਕੱਨੂੰਨੱ ਦੱ ਬਿੱਾਨ (ਸਤਯਤਮਹਨਣਤ) ਨਹੀਣ ਹਹਨ[ ਕੱਨੂੰਨ ਦੀ ਵਿੱਾਖਿੱਾ ਾਟਯ ੇਸਿ ਦੀ ਵਰਟੋਣ ਦਯ ਸੱਰਯ ਮੰਟਵੱ ਲੇੀ, ਸਬੰਧਿਟ ਕੱਨੂੰਨੱ ਾਟਯ ਨਿੰਮੱ ਦੀ ਵਿੱਾਖਿੱਾ ਸਬੰਧੀ ਮਸੰਤੇਵਰੱ ਲਿੱਾ ਜੌ ਚੱਹੀਦੱ ਹਹਨ[ ੇਸਿ ਕਿਟੱਬਚਯ ਨੂੰ ਲਿਖੰ ਵੱਲਯ ਾਟਯ ੇਸਿ ਨੂੰ ਵੰਙ ਵੱਲਯ ੇਸਿ ਦਯ ਕੱਨੂੰਨੀ ਟੌਰ ਟਯ ਦਰੁਸਟ ਹੌਂ ਦੀ ਗਰੰਤੀ ਨਹੀਣ ਦਿੰਦਯ ਾਟਯ ਨੱ ਹੀ ੇਸਿ ਦੀ ਵਰਟੋਣ ਕਰਨ ਵੱਲਿੱਾ ਨੂੰ ਹੈਯ ਕਿਸਯ ਨੁਕਸੱਨ ਜੱ ਖਯਚਲ ਦੀ ਜਿੰਤੇੰਮਯਵੱਰੀ ਲਹਨਣਦਯ ਹਨ[


Your Rights if You Are a Victim of Crime — Punjabi

*AG00011p*
*08/00*


# ਜੇ ਤੁਸੀਂ ਕਿਸੇ ਜੁਰਮ ਦਾ ਸ਼ਿਕਾਰ ਹੁੰਦੇ ਹੋ ਤਾਂ ਤੁਹਾਡੇ ਹੱਕ

## (Your Rights if You Are a Victim of Crime)

ਵਿਕਟਮਜ਼ ਆਫ ਕਰਾਇਮ ਐਕਟ

(Victims of Crime Act)


BRITISH COLUMBIA
Ministry of Attorney General